9122024-Ferozpur-08.qxd 12/8/2024 10:11 PM Page 1

ਜਲਾਲਾਬਾਦ 'ਚ ਲਗਾਏ ਗਏ ਕੈਂਪ ਦੇ ਦੌਰਾਨ ਭਾਰਤ ਵਿਕਾਸ ਪ੍ਰੀਸ਼ਦ ਦੇ ਅਹੁਦੇਦਾਰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ। ਤਸਵੀਰ-ਹਰਪ੍ਰੀਤ ਸਿੰਘ ਪਰੂਥੀ

ਭਾਰਤ ਵਿਕਾਸ ਪ੍ਰੀਸ਼ਦ ਨੇ ਪਲਸ ਪੋਲੀਓ ਕੈਂਪ ਲਗਾਇਆ

ਜਲਾਲਾਬਾਦ, 8 ਦਸੰਬਰ (ਹਰਪ੍ਰੀਤ ਸਿੰਘ ਪਰੂਥੀ)-ਭਾਰਤ ਸਰਕਾਰ ਵਲੋਂ ਦੇਸ 'ਚੋਂ ਪੋਲੀਓ ਦੇ ਖ਼ਾਤਮੇ ਲਈ ਚਲਾਈ ਗਈ ਪਲਸ ਪੋਲੀਓ ਸਕੀਮ ਤਹਿਤ ਅੱਜ 8 ਦਸੰਬਰ ਨੂੰ ਪਲੱਸ ਪੋਲੀਓ ਕੈਂਪ ਲਗਾਇਆ ਗਿਆ। ਜਿਸ 'ਚ ਸ਼ਹੀਦ ਊਧਮ ਸਿੰਘ ਚੌਕ ਨੇੜੇ ਕੈਂਪ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਨੂੰ ਸੌਂਪੀ ਗਈ। ਭਾਰਤ ਵਿਕਾਸ ਪ੍ਰੀਸ਼ਦ ਨੇ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਪਲਸ ਪੋਲੀਓ ਕੈਂਪ 'ਚ 90 ਦੇ ਕਰੀਬ ਬੱਚਿਆਂ ਨੂੰ ਬੂੰਦਾਂ ਪਿਲਾਈਆਂ। ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰੌਸ਼ਨ ਲਾਲ ਅਸੀਜਾ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ ਪੋਲੀਓ ਦੇ ਖ਼ਾਤਮੇ ਲਈ ਲਗਾਏ ਗਏ ਇਸ ਕੈਂਪ ਦਾ ਲੋਕਾਂ ਨੂੰ ਪੂਰਾ ਲਾਭ ਮਿਲ ਰਿਹਾ ਹੈ, ਇਸ ਕੈਂਪ 'ਚ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ, ਜੋ ਵਿਅਕਤੀ ਆਪਣੇ ਬੱਚਿਆਂ ਨੂੰ ਪੂਰੀਆਂ ਬੂੰਦਾਂ ਪਿਲਾਉਂਦਾ ਹੈ, ਤਾਂ ਉਹ ਬੱਚਾ ਪੋਲੀਓ ਦੀ ਬਿਮਾਰੀ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰਹਿੰਦਾ ਹੈ, ਇਸ ਲਈ ਕਿਸੇ ਨੂੰ ਵੀ ਇਹ ਬੂੰਦਾਂ ਪਿਲਾਉਣ 'ਚ ਢਿੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕੈਂਪ ਭਾਰਤ ਵਿਕਾਸ ਪ੍ਰੀਸ਼ਦ ਦੀ ਦੇਖ-ਰੇਖ ਹੇਠ ਲਗਾਇਆ ਗਿਆ, ਅੱਜ ਸ਼ਹੀਦ ਊਧਮ ਸਿੰਘ ਚੌਕ ਵਿਖੇ ਲਗਾਏ ਗਏ ਇਸ ਕੈਂਪ 'ਚ 90 ਦੇ ਕਰੀਬ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ। ਇਸ ਕੈਂਪ ਵਿੱਚ ਰੌਸ਼ਨ ਲਾਲ ਅਸੀਜਾ ਤੋਂ ਇਲਾਵਾ ਗੁਰਮੀਤ ਮਦਾਨ ਸਕੱਤਰ, ਸੁਰੇਸ਼ ਗਾਬਾ ਖ਼ਜ਼ਾਨਚੀ, ਪ੍ਰਵੇਸ਼ ਖੰਨਾ ਸੂਬਾ ਕਨਵੀਨਰ, ਦੇਵੇਂਦਰ ਕੁੱਕੜ ਮੀਤ ਪ੍ਰਧਾਨ ਪੰਜਾਬ, ਰਾਜਨ ਡੂਮਰਾ, ਵਿਜੇ ਖੰਨਾ ਪੈਟਰਨ, ਬੰਟੀ ਅਹੂਜਾ, ਵੰਸ਼ ਅਹੂਜਾ, ਰਾਜੇਸ਼ ਪਰੂਥੀ, ਪ੍ਰੇਮ. ਛਾਬੜਾ, ਭਾਰਤ ਵਿਕਾਸ ਪ੍ਰੀਸ਼ਦ ਦੀ ਤਰਫ਼ੋਂ ਮਦਨ ਲਾਲ ਡੂਮਰਾ ਆਦਿ ਹਾਜ਼ਰ ਸਨ। ਇਸ ਸਮੇਂ ਹਸਪਤਾਲ ਵਾਲੇ ਪਾਸੇ ਤੋਂ ਮਿਸ ਖ਼ੁਸ਼ੀ, ਮਿਸ ਤਰਨਪ੍ਰੀਤ, ਮਿਸ ਸੁਨੈਨਾ ਅਤੇ ਮਿਸ ਮੇਘਾ ਸਟਾਫ ਹਾਜ਼ਰ ਸੀ।

ਬਾਬਾ ਖੇਤਰਪਾਲ ਦੇ ਦਰ 'ਤੇ ਲਗਾਏ ਗਏ ਭੰਡਾਰੇ 'ਚ ਲੰਗਰ ਛਕਦੀਆਂ ਹੋਈਆਂ ਸੰਗਤਾਂ। ਤਸਵੀਰ-ਮਨਜੀਤ ਸਿੰਘ ਬਰਾੜ

ਬਾਬਾ ਖੇਤਰਪਾਲ ਦੀ ਯਾਦ 'ਚ ਸਾਲਾਨਾ ਭੰਡਾਰਾ ਲਗਾਇਆ

ਮੰਡੀ ਰੋੜਾਂਵਾਲੀ, 8 ਦਸੰਬਰ (ਮਨਜੀਤ ਸਿੰਘ ਬਰਾੜ)-ਸਥਾਨਕ ਮੰਡੀ ਰੋੜਾਂਵਾਲੀ ਵਿਖੇ ਅੱਜ ਬਾਬਾ ਖੇਤਰਪਾਲ ਦੀ ਯਾਦ ਵਿਚ ਸਾਲਾਨਾ 11ਵਾਂ ਭੰਡਾਰਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਮੰਡੀ ਰੋੜਾਂਵਾਲੀ ਦੇ ਵਾਟਰ ਵਰਕਸ ਦੇ ਨਜ਼ਦੀਕ ਬਣੀ ਬਾਬਾ ਜੀ ਦੀ ਕੁਟੀਆ 'ਚ ਅੱਜ ਸਵੇਰ ਸਮੇਂ ਤੋਂ ਹਲਕੇ ਭਰ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਵਲ਼ੋਂ ਪੁੱਜ ਕੇ ਮੱਥਾ ਟੇਕਿਆ ਅਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਵੱਖ-ਵੱਖ ਭਜਨ ਮੰਡਲੀਆਂ ਵਲ਼ੋਂ ਬਾਬਾ ਜੀ ਦੇ ਦਰ 'ਤੇ ਵੱਖ-ਵੱਖ ਭਜਨਾਂ ਨਾਲ ਬਾਬਾ ਜੀ ਦਾ ਗੁਣ ਗਾਇਣ ਕੀਤਾ ਗਿਆ। ਇਸ ਮੌਕੇ ਸੇਵਾਦਾਰਾਂ ਵਲ਼ੋਂ ਸੰਗਤਾਂ ਲਈ ਚਾਹ, ਜਲੇਬੀਆਂ ਅਤੇ ਛੋਲੇ ਪੂੜੀਆਂ ਦਾ ਲੰਗਰ ਲਗਾਇਆ ਗਿਆ। ਲੰਗਰ ਵਿਚ ਭੋਲਾ ਮੱਕੜ, ਬੱਬੂ ਸ਼ਰਮਾ, ਸ਼ੇਖਰ ਪਾਹਵਾ ਆਦਿ ਸੇਵਾਦਾਰਾਂ ਵਲ਼ੋਂ ਸੇਵਾ ਨਿਭਾਈ ਗਈ।

ਪਿੰਡ ਕਿੜਿਆਂਵਾਲੀ 'ਚ ਖ਼ੂਨਦਾਨ ਕੈਂਪ ਲਗਾਇਆ

ਮੰਡੀ ਲਾਧੂਕਾ, 8 ਦਸੰਬਰ (ਮਨਪ੍ਰੀਤ ਸਿੰਘ ਸੈਣੀ)- ਪਿੰਡ ਕਿੜਿਆਂਵਾਲੀ ਦੇ ਵਸਨੀਕ ਅਤਰਪ੍ਰੀਤ ਸਿੰਘ ਬਰਾੜ ਦੇ ਬੇਟੇ ਗੁਰਨਿਵਾਜ ਬਰਾੜ ਦੀ ਨਿੱਘੀ ਯਾਦ 'ਚ ਸ੍ਰੀ ਰਾਮ ਕਿਰਪਾ ਸੇਵਾ ਸੰਘ ਵੈੱਲਫੇਅਰ ਸੁਸਾਇਟੀ ਫ਼ਾਜ਼ਿਲਕਾ ਵਲ਼ੋਂ ਪਿੰਡ ਕਿੜਿਆਂਵਾਲੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਾਏ ਗਏ ਖ਼ੂਨਦਾਨ ਕੈਂਪ ਦੌਰਾਨ ਪਿੰਡ ਕਿੜਿਆਵਾਲੀ, ਮੰਡੀ ਲਾਧੂਕਾ, ਪਿੰਡ ਲਾਧੂਕਾ, ਪਿੰਡ ਰੰਗੀਲਾ ਤੇ ਆਸੇ- ਪਾਸੇ ਦੇ ਪਿੰਡਾਂ ਦੇ ਨੌਜਵਾਨਾਂ ਨੇ 100 ਯੂਨਿਟ ਖ਼ੂਨਦਾਨ ਕੀਤਾ। ਇਸ ਖ਼ੂਨਦਾਨ ਕੈਂਪ ਦੌਰਾਨ ਸ੍ਰੀ ਰਾਮ ਕਿਰਪਾ ਸੇਵਾ ਸੰਘ ਵੈੱਲਫੇਅਰ ਸੁਸਾਇਟੀ ਦੇ ਨਾਲ ਜੁੜੇ ਰਾਜੀਵ ਕੁਕਰੇਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਲਾਕੇ ਦੇ ਨੌਜਵਾਨਾਂ ਵਲ਼ੋਂ 100 ਯੂਨਿਟ ਖ਼ੂਨਦਾਨ ਕੀਤਾ ਗਿਆ ਹੈ। ਇਸ ਮੌਕੇ ਪਿੰਡ ਦੇ ਸਰਪੰਚ ਮਨਦੀਪ ਕੌਰ, ਜਗਜੀਤ ਸਿੰਘ, ਅਤਰਪ੍ਰੀਤ ਸਿੰਘ ਬਰਾੜ, ਪ੍ਰਦੀਪ ਕੌਰ ਪੰਚ, ਕਰਮਜੀਤ ਸਿੰਘ ਬਰਾੜ, ਗੁਰਚਰਨ ਸਿੰਘ, ਅਵਤਾਰ ਸਿੰਘ ਸੰਧੂ, ਖ਼ੁਸ਼ਵਿੰਦਰ ਸਿੰਘ ਬਰਾੜ, ਬਲਦੇਵ ਸਿੰਘ ਬੋਪਾਰਾਏ, ਪਿੰਦਰ ਬਰਾੜ, ਹਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਗੁਰਜਿੰਦਰ ਸਿੰਘ ਗਿੱਲ, ਜਗਸੀਰ ਸਿੰਘ ਬਰਾੜ, ਸੁਰਿੰਦਰ ਲਾਧੂਕਾ ਪ੍ਰਧਾਨ, ਸੁਨੀਲ ਕੰਬੋਜ, ਮਿਕੂ ਕੰਬੋਜ, ਪੰਮਾ ਜ਼ੁਲਾਹਾ, ਸ਼ੈਂਡੀ ਅਸੀਜਾ ਅਤੇ ਪਿੰਡ ਕਿੜਿਆਂਵਾਲੀ ਦੇ ਸਮੂਹ ਵਸਨੀਕ ਹਾਜ਼ਰ ਸਨ।

ਪਿੰਡ ਕਿੜਿਆਂਵਾਲੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਾਏ ਗਏ ਖ਼ੂਨਦਾਨ ਕੈਂਪ ਦੌਰਾਨ ਨੌਜਵਾਨ ਖ਼ੂਨਦਾਨ ਕਰਦੇ ਹੋਏ। ਤਸਵੀਰ-ਮਨਪ੍ਰੀਤ ਸਿੰਘ ਸੈਣੀ

ਮਿਡ-ਡੇ-ਮੀਲ ਮੈਨੇਜਰਾਂ ਨਾਲ ਹੋਈ ਧੱਕੇਸ਼ਾਹੀ ਦੀ ਡੀ.ਟੀ.ਐਫ. ਵਲੋਂ ਨਿਖੇਧੀ

ਫ਼ਾਜ਼ਿਲਕਾ, 8 ਦਸੰਬਰ (ਦਵਿੰਦਰ ਪਾਲ ਸਿੰਘ)-ਡੀ.ਟੀ.ਐਫ.ਜ਼ਿਲ੍ਹਾ ਫ਼ਾਜ਼ਿਲਕਾ ਦੀ ਮੀਟਿੰਗ ਸੂਬਾ ਸਕੱਤਰ ਮਹਿੰਦਰ ਕੌੜਿਆਂ ਵਾਲੀ, ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਜ਼ਿਲ੍ਹਾ ਸਕੱਤਰ ਕੁਲਜੀਤ ਡੰਗਰ ਖੇੜਾ ਦੀ ਅਗਵਾਈ 'ਚ ਹੋਈ। ਜਿਸ ਵਿਚ ਜਥੇਬੰਦੀ ਵਲੋਂ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ ਅਤੇ ਸਰਕਾਰ ਵਲ਼ੋਂ ਮੁਲਾਜ਼ਮ ਵਰਗ ਨਾਲ ਕੀਤੇ ਜਾ ਰਹੇ ਧੱਕੇ ਦਾ ਵਿਰੋਧ ਕੀਤਾ ਗਿਆ। ਮੀਟਿੰਗ ਦੌਰਾਨ ਜਥੇਬੰਦੀ ਵਲੋਂ ਮਿਡ-ਡੇ-ਮੀਲ ਮੈਨੇਜਰਾਂ ਨਾਲ ਕੀਤੇ ਜਾ ਰਹੇ ਧੱਕੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਅਤੇ ਮਿਡ-ਡੇ-ਮੀਲ ਮੈਨੇਜਰਾਂ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕੀਤਾ। ਡੀ.ਟੀ.ਐਫ. ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਸਰਕਾਰ ਨੇ ਮਿਡ-ਡੇ-ਮੀਲ ਲੇਖਕਾਰਾਂ ਦੇ ਮਾਣ ਭੱਤੇ 'ਚ ਵਾਧਾ ਕੀਤਾ ਹੈ ਪਰ ਮਿਡ-ਡੇ-ਮੀਲ ਮੈਨੇਜਰਾਂ ਨੂੰ ਇਸ ਹੱਕ ਤੋਂ ਵਾਂਝਾ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਇਹ ਅਖੌਤੀ ਬਦਲਾਅ ਵਾਲੀ ਸਰਕਾਰ ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਬਿਲਕੁਲ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਲੇਖਕਾਰਾਂ ਦੀ ਤਰਜ਼ 'ਤੇ ਮਿਡ-ਡੇ-ਮੀਲ ਮੈਨੇਜਰਾਂ ਦੇ ਮਾਣ ਭੱਤੇ 'ਚ ਵਾਧੇ ਦਾ ਪੱਤਰ ਤੁਰੰਤ ਜਾਰੀ ਕੀਤਾ ਜਾਵੇ ਅਤੇ ਮੈਨੇਜਰਾਂ ਨੂੰ ਵਿਭਾਗ 'ਚ ਸ਼ਾਮਿਲ ਕਰਕੇ ਰੈਗੂਲਰ ਕੀਤਾ ਜਾਵੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਕੁਲਜੀਤ ਡੰਗਰ ਖੇੜਾ ਨੇ ਮਿਡ-ਡੇ-ਮੀਲ ਮੈਨੇਜਰਾਂ ਦੀਆਂ ਹੱਕੀ ਮੰਗਾਂ ਦਾ ਸਮਰਥਨ ਕਰਦਿਆਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਮਿਡ-ਡੇ-ਮੀਲ ਮੈਨੇਜਰਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵਲੋਂ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਮੇਸ਼ ਸੱਪਾਂ ਵਾਲੀ, ਜ਼ਿਲ੍ਹਾ ਆਗੂ ਮੈਡਮ ਪਰਮਜੀਤ ਕੌਰ, ਸਹਾਇਕ ਸਕੱਤਰ ਬਲਜਿੰਦਰ ਗਰੇਵਾਲ, ਜਥੇਬੰਦਕ ਬੁਲਾਰੇ ਵਰਿੰਦਰ ਲਾਧੂਕਾ, ਗੁਰਮੇਲ ਸਿੰਘ,ਜ਼ਿਲ੍ਹਾ ਆਗੂ ਜਗਦੀਸ਼ ਸੱਪਾਂ ਵਾਲੀ, ਮੀਤ ਪ੍ਰਧਾਨ ਨੌਰੰਗ ਲਾਲ, ਵਿੱਤ ਸਕੱਤਰ ਗਿਸ਼ੂ ਸੇਠੀ, ਪ੍ਰੈੱਸ ਸਕੱਤਰ ਹਰੀਸ਼ ਕੁਮਾਰ, ਬਲਾਕ ਪ੍ਰਧਾਨ ਕ੍ਰਿਸ਼ਨ ਕੰਬੋਜ, ਵਰਿੰਦਰ ਕੁੱਕੜ, ਓਮ ਪ੍ਰਕਾਸ਼, ਨੀਰਜ ਬਜਾਜ, ਸੰਜੀਵ ਛਾਬੜਾ ਅਤੇ ਰਮੇਸ਼ ਸੁਧਾ ਮੌਜੂਦ ਸਨ।

ਸਿਹਤ ਵਿਭਾਗ ਵਲੋਂ ਤਿੰਨ ਦਿਨਾ ਪਲਸ ਪੋਲਿਓ ਅਭਿਆਨ ਦੀ ਸ਼ੁਰੂਆਤ

ਅਬੋਹਰ, 8 ਦਸੰਬਰ (ਵਿਵੇਕ ਹੂੜੀਆ)- ਸਿਹਤ ਵਿਭਾਗ ਵਲ਼ੋਂ ਤਿੰਨ ਰੋਜ਼ਾ ਪਲੱਸ ਪੋਲੀਓ ਮੁਹਿਮ ਦੀ ਸ਼ੁਰੂਆਤ ਐਸ.ਐਮ.ਓ ਡਾ: ਨੀਰਜਾ ਗੁਪਤਾ ਅਤੇ ਡਾ: ਧਰਮਵੀਰ ਅਰੋੜਾ ਵਲ਼ੋਂ ਬੱਚਿਆਂ ਨੂੰ ਦਵਾਈ ਪਿਲਾ ਕੇ ਕੀਤੀ ਗਈ। ਇਸ ਉਪਰੰਤ ਸਾਰੀਆਂ ਟੀਮਾਂ ਨੂੰ ਬੂਥਾਂ 'ਤੇ ਭੇਜਿਆ ਗਿਆ। ਜਿੱਥੇ ਸਵੇਰ ਤੋਂ ਦੁਪਹਿਰ ਤੱਕ 9277 ਬੱਚਿਆਂ ਨੂੰ ਪਿਲਾਈਆਂ ਗਈਆਂ। ਵਿਭਾਗ ਵਲ਼ੋਂ 77 ਬੂਥਾਂ 'ਤੇ ਇਹ ਕੰਮ ਜਾਰੀ ਰੱਖਿਆ ਗਿਆ। ਐਸ.ਐਮ.ਓ ਡਾ. ਨੀਰਜਾ ਗੁਪਤਾ ਨੇ ਦੱਸਿਆ ਕਿ ਇਸ ਮੁਹਿਮ ਤਹਿਤ ਐਤਵਾਰ ਨੂੰ ਬੂਥਾਂ 'ਤੇ ਦਵਾਈਆਂ ਦਿੱਤੀਆਂ ਜਾਂਦੀਆਂ ਸਨ ਅਤੇ ਹੁਣ ਸੋਮਵਾਰ ਅਤੇ ਮੰਗਲਵਾਰ ਨੂੰ ਸਿਹਤ ਕਰਮਚਾਰੀ ਘਰ-ਘਰ ਜਾ ਕੇ ਬੱਚਿਆਂ ਨੂੰ ਦਵਾਈਆਂ ਦੇਣਗੇ। ਉਨ੍ਹਾਂ ਦੱਸਿਆ ਕਿ ਇਸ ਮੁਹਿਮ ਤਹਿਤ 20150 ਬੱਚਿਆਂ ਨੂੰ ਦਵਾਈਆਂ ਦਿੱਤੀਆਂ ਜਾਣਗੀਆਂ। ਸ਼ਹਿਰ ਦੇ 29476 ਘਰਾਂ ਦਾ ਟੀਚਾ ਮਿਥਿਆ ਗਿਆ ਹੈ, ਜਿਸ ਵਿਚੋਂ 9277 ਬੱਚੇ ਬੂਥਾਂ 'ਤੇ ਜਾ ਕੇ ਦਵਾਈ ਲੈ ਚੁੱਕੇ ਹਨ, ਜਦਕਿ ਬਾਕੀ ਬਚੇ ਬੱਚਿਆਂ ਨੂੰ ਘਰ-ਘਰ ਜਾ ਕੇ ਦਵਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੁਹਿਮ ਵਿਚ 15 ਸੁਪਰਵਾਈਜ਼ਰਾਂ ਦੀ ਅਗਵਾਈ ਵਿਚ 308 ਮੁਲਾਜ਼ਮਾਂ ਦੀ ਡਿਊਟੀ ਲਗਾਈ ਗਈ ਹੈ ਅਤੇ ਇਸ ਤੋਂ ਇਲਾਵਾ ਸਰਦਾਰ ਪਟੇਲ, ਮੀਰਾ ਮੈਡੀਕਲ ਅਤੇ ਸੱਚਖੰਡ ਸਕੂਲ ਦੀਆਂ ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਨੇ ਵੀ ਯੋਗਦਾਨ ਪਾਇਆ। ਇਸ ਮੁਹਿਮ ਤਹਿਤ ਸ਼ਹਿਰ ਦੀਆਂ 34 ਝੁੱਗੀਆਂ ਅਤੇ 29 ਉੱਚ ਜੋਖ਼ਮ ਵਾਲੇ ਖੇਤਰਾਂ ਨੂੰ ਵੀ ਕਵਰ ਕੀਤਾ ਜਾਣਾ ਹੈ। ਇਸ ਦੇ ਲਈ ਰੇਲਵੇ ਸਟੇਸ਼ਨ 'ਤੇ 1 ਟੀਮ ਅਤੇ ਬੱਸ ਸਟੈਂਡ 'ਤੇ 2 ਟੀਮਾਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ। ਜੇਕਰ ਕੋਈ ਬੱਚਾ ਪੋਲੀਓ ਦੀ ਦਵਾਈ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਉਸ ਦੇ ਮਾਪੇ ਮੁਹਿਮ ਤੋਂ ਬਾਅਦ ਪੀ.ਪੀ ਯੂਨਿਟ ਵਿਚ ਆ ਕੇ ਉਸ ਨੂੰ ਦਵਾਈ ਦੇ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਦਵਾਈ ਜ਼ਰੂਰ ਦੇਣ, ਚਾਹੇ ਬੱਚਾ ਇਸ ਤੋਂ ਪਹਿਲਾਂ ਕਿੰਨੀ ਵਾਰ ਦਵਾਈ ਖਾ ਚੁੱਕਾ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਬੱਚਾ ਬਿਮਾਰ ਹੈ ਤਾਂ ਵੀ ਇਹ ਦਵਾਈ ਜ਼ਰੂਰ ਪਿਲਾਈ ਜਾਵੇ, ਕਿਉਂਕਿ ਇਸ ਦਵਾਈ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ। ਦੂਜੇ ਪਾਸੇ ਜ਼ਿਲ੍ਹਾ ਨੋਡਲ ਅਫ਼ਸਰ ਡਾ: ਸੰਦੀਪ ਖੋਸਾ ਅਤੇ ਡਬਲ ਯੂ ਐਚ.ਓ ਅਫ਼ਸਰ ਡਾ: ਗੁਰਮੇਲ ਸਿੰਘ ਨੇ ਪਲਸ ਪੋਲੀਓ ਮੁਹਿਮ ਦਾ ਮੁਆਇਨਾ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਰ ਸੋਮਵਾਰ ਅਤੇ ਮੰਗਲਵਾਰ ਨੂੰ ਘਰ-ਘਰ ਜਾ ਕੇ ਬੱਚਿਆਂ ਨੂੰ ਦਵਾਈਆਂ ਦੇਣ ਲਈ ਸਹਿਯੋਗ ਕਰਨ।

ਬੱਚਿਆਂ ਨੂੰ ਬੂੰਦਾਂ ਪਿਆਉਂਦੇ ਹੋਏ ਸਿਹਤ ਵਿਭਾਗ ਦੇ ਕਰਮਚਾਰੀ। ਅਜੀਤ ਤਸਵੀਰ

ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਦੀ ਧਰਮ-ਪਤਨੀ ਖ਼ੁਸ਼ਬੂ ਸਾਵਨਸੁੱਖਾ ਇਕ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਤਿੰਨ ਰੋਜ਼ਾ ਪਲਸ ਪੋਲੀਓ ਮੁਹਿਮ ਦੀ ਸ਼ੁਰੂਆਤ ਕਰਵਾਉਂਦੇ ਹੋਏ। ਅਜੀਤ ਤਸਵੀਰ

ਪੋਲੀਓ ਜਿਹੀ ਨਾ-ਮੁਰਾਦ ਬਿਮਾਰੀ ਦਾ ਖ਼ਾਤਮਾ ਸਾਰਿਆਂ ਦਾ ਮੁਢਲਾ ਫ਼ਰਜ਼-ਡਾ. ਕਵਿਤਾ ਸਿੰਘ

ਫ਼ਾਜ਼ਿਲਕਾ, 8 ਦਸੰਬਰ (ਦਵਿੰਦਰ ਪਾਲ ਸਿੰਘ)-ਫ਼ਾਜ਼ਿਲਕਾ ਵਿਖੇ ਤਿੰਨ ਰੋਜ਼ਾ ਪਲਸ ਪੋਲੀਓ ਮੁਹਿਮ ਦੀ ਸ਼ੁਰੂਆਤ ਸਿਵਲ ਹਸਪਤਾਲ ਵਿਖੇ ਵਿਧਾਇਕ ਨਰਿੰਦਰ ਪਾਲ ਸਵਨਾ ਦੀ ਪਤਨੀ ਖ਼ੁਸ਼ਬੂ ਸਾਵਨਸੁਖਾ ਵਲ਼ੋਂ ਕੀਤੀ ਗਈ। ਉਨ੍ਹ ਨਾਲ ਡਾਕਟਰ ਕਵਿਤਾ ਸਿੰਘ, ਐਸ. ਐਮ. ਓ. ਡਾ. ਐਡੀਸ਼ਨ ਐਰਿਕ ਨਾਲ ਸੀ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਕਵਿਤਾ ਸਿੰਘ ਵਲ਼ੋਂ ਸਿਹਤ ਵਿਭਾਗ ਦੀਆਂ ਟੀਮਾਂ ਦੇ ਨਾਲ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਗਈ ਕਿ ਉਹ ਆਪਣੇ 0 ਤੋਂ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਨਜ਼ਦੀਕੀ ਪੋਲੀਓ ਬੂਥ 'ਤੇ ਲਿਜਾ ਕੇ ਪੋਲੀਓ ਰੋਧਕ ਬੂੰਦਾਂ ਪਿਲਾਉਣ ਅਤੇ ਸਿਹਤ ਵਿਭਾਗ ਦੁਆਰਾ ਗਠਿਤ ਟੀਮਾਂ ਦਾ ਪੂਰਨ ਸਹਿਯੋਗ ਕਰਨ ਤਾਂ ਜੋ ਇਸ ਮੁਹਿਮ ਨੂੰ ਪੂਰਨ ਰੂਪ ਵਿਚ ਸਫਲ ਕੀਤਾ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹਾ ਫ਼ਾਜ਼ਿਲਕਾ ਦੇ ਸਾਰੇ ਸ਼ਹਿਰੀ ਖੇਤਰਾਂ ਅਤੇ ਪਿੰਡਾਂ ਵਿਚ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੀ ਮੁਹਿਮ ਦੀ ਸ਼ੁਰੂਆਤ ਦੌਰਾਨ ਪਹਿਲੇ ਦਿਨ ਬੂਥਾਂ 'ਤੇ 73234 ਪੋਲੀਓ ਰੋਕੂ ਬੂੰਦਾਂ ਪਿਲਾਈਆਂ